# PC-4701/MK

**Q-1/2051**

FUNCTIONAL PUNJABI–121-A

(Semester–II)

Time : Three Hours] [Maximum Marks : 60

I. (ੳ) ਬੁਲ੍ਹੇ ਸ਼ਾਹ ਦੀ ਕਾਫੀ 'ਇਸ਼ਕ ਦੀ ਨਵੀਉਂ ਨਵੀ ਬਹਾਰ ਦੇ ਵਿਸ਼ੇ ਬਾਰੇ ਲਿਖੋ।

ਜਾਂ

'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਦੇ ਵਿਸ਼ੇ ਸਬੰਧੀ ਚਰਚਾ ਕਰੋ। 9

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਦਾ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(i) ਏਦਾਂ ਮਜ਼ਦੂਰਾਂ ਦੀ ਝਾਕੀ,
ਜਦ ਮੈਨੂੰ ਦਿਸ ਆਈ,
ਨਾਲ ਪੀੜ ਦੇ ਕਲਵਲ ਹੋ ਕੇ,
ਰੂਹ ਮੇਰੀ ਕੁਰਲਾਈ,
ਕੀ ਉਹ ਹੁਸਨ ਹੁਸਨ ਹੈ ਸੱਚਮੁਚ,
ਯਾ ਉਂਜ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ,
ਹੰਝੂਆਂ ਤੇ ਜੋ ਪਲਦਾ?

(ii) ਜੋ ਬਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਛ ਤਾਂ ਸੇਕਣਗੇ ਮਾਂ ਦੇ ਸਿਣੇ ਦੀ ਅਗਨ
ਬਾਕੀ ਕਬਰਾਂ ਦੇ ਰੁਖ ਹੇਠ ਜਾ ਬਹਿਣਗੇ
ਕੀ ਇਹ ਇਨਸਾਫ ਹਉਂਮੇ ਦੇ ਪੁੱਤ ਕਰਨਗੇ
ਕੀ ਇਹ ਖ਼ਮੋਸ਼ ਪੱਥਰ ਕੇ ਬੁੱਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲਖਣੇ ਨਹੀਂ
ਰਾਹ ਬਦਲਣਗੇ ਸੂਰਜ ਚੜ੍ਹਨ ਲਹਿਣਗੇ। 9

II. (ੳ) ਲੋਕਧਾਰਾ ਅਤੇ ਸਾਹਿਤ ਲੇਖ ਦਾ ਵਿਸ਼ਾ ਵਸਤੂ ਲਿਖੋ।

ਜਾਂ

ਤੀਆਂ ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 9

(ਅ) ਪੰਜਾਬੀ ਭਾਸ਼ਾ ਦੀ ਬਣਤਰ ਬਾਰੇ ਚਰਚਾ ਕਰੋ।

ਜਾਂ

ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਬਾਰੇ ਜਾਣਕਾਰੀ ਦਿਓ। 9

III. ਸਾਰੇ ਪ੍ਰਸ਼ਨ ਲਾਜ਼ਮੀ ਹਨ। ਉੱਤਰ ਸੰਖੇਪ ਸ਼ਬਦਾ ਵਿਚ ਦਿਓ :

(a) 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਾਲਾ ਸ਼ਬਦ ਕਿਸ ਸੰਸਥਾ ਨੇ ਆਪਣੀ ਧੁਨੀ ਵਜੋਂ ਓਪਣਾਇਆ ਹੋਇਆ ਹੈ?

(b) ਸੂਫ਼ੀ ਕੌਣ ਹੁੰਦੇ ਸਨ?

(c) ਵੰਝਲੀ ਕਿਸਨੂੰ ਆਖਦੇ ਹਨ?

(d) ਅਸੀਂ ਲੜਾਂਗੇ ਸਾਥੀ ਕਵਿਤਾ ਦੇ ਲੇਖਕ ਦਾ ਨਾਮ ਲਿਖੋ।

(e) ਸਭਿਆਚਾਰ ਦੇ ਪਰਿਭਾਸ਼ਾ ਲਿਖੋ।

(f) ਭੈਣ-ਭਰਾ ਦੇ ਪਿਆਰ ਵਿਚ ਤੀਆਂ ਦੀ ਮਹਤੱਤਾ ਦੱਸੋ।

(g) ਸੰਧਾਰੇ ਤੋਂ ਕੀ ਭਾਵ ਹੈ?

(h) ਉਸਤਾਦ ਕਵਿਸ਼ਰ ਆਪਣੇ ਚੇਲਿਆਂ ਨੂੰ ਕਿਹੜੇ-ਕਿਹੜੇ ਗੁਣ ਸਿਖਾਉਂਦੇ ਸਨ?

(i) ਪੰਜਾਬੀ ਵਿਚ ਕਿੰਨੀਆਂ ਸਵਰ ਧੁਨੀਆ ਹਨ?

(j) ਪੰਜਾਬੀ ਨੂੰ ਲਿਖਣ ਲਈ ਕਿਹੜੀ ਲਿਪੀ ਵਰਤੀ ਜਾਂਦੀ ਹੈ?

(k) ਪੰਜਾਬੀ ਸਵਰ ਵਾਹਕ ਕਿਹੜੇ ਹਨ?

(l) ਦੁਨੀਆਂ ਵਿਚ ਪੰਜਾਬ ਨਾਂ ਦੇ ਕਿੰਵੰਨੇ ਪ੍ਰਾਂਤ ਹਨ?

(12×2=24)